

ਪ੍ਰਿੰਸੀਪਲ ਸਿਸਟਰ ਸਾਗੁਨਾ ਦੀ ਦੇਖਰੇਖ ਹੇਠ ਵਿਦਿਆਰਥੀ ਬੂਟੇ ਲਗਾਉਂਦੇ ਹੋਏ।

# ਸੇਂਟ ਥੋਮਸ ਹਾਈ ਸਕੂਲ 'ਚ ਬੂਟੇ ਲਾਏ

**ਪੱਤਰ ਪ੍ਰੇਰਕ•ਪੰਜਾਬੀ ਜਾਗਰਣ, ਕਲਾਨੌਰ** : ਪੰਜਾਬੀ ਜਾਗਰਣ ਦੀ ਮੁਹਿੰਮ ਤਹਿਤ ਸੋਮਵਾਰ ਨੂੰ ਪਿੰਡ ਮਸਤਕੋਟ ਵਿਖੇ ਸੇਟ ਥੋਮਸ ਹਾਈ ਸਕੂਲ ਵਿਖੇ ਫਾਦਰ ਬੀਨੂ ਏ ਐਮ ਤੇ ਪ੍ਰਿੰਸੀਪਲ ਸਿਸਟਰ ਸਾਗੁਨਾ ਦੀ ਦੇਖ ਰੇਖ ਸਕੂਲ ਦੇ 50 ਵਿਦਿਆਰਥੀਆ ਵਲੋਂ ਵੱਖ ਵੱਖ ਕਿਸਮਾ ਦੇ ਬੂਟੇ ਲਗਾਏ ਗਏ। ਪ੍ਰਿੰਸੀਪਲ ਸਿਸਟਰ ਸਾਗੁਨਾ ਨੇ ਦੱਸਿਆ ਕਿ ਵਾਤਾਵਰਨ ਨੂੰ ਸ਼ੁੱਧ ਬਣਾਉਣ ਦੇ ਮਨੋਰਥ ਨਾਲ ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਵੱਧ ਤੋ ਵੱਧ ਬੂਟੇ ਲਗਾਉਣਾ ਬਹੁਤ ਜ਼ਰੂਰੀ ਹੈ। ਸਿਸਟਰ ਸਾਗੁਨਾ ਨੇ ਕਿਹਾ ਕਿ ਪਿਛਲੇ ਦਿਨੀ ਸਕੂਲ ਵਿੱਚ 'ਮੇਰੀ ਬਗੀਚੀ ਮੇਰੀ ਸ਼ਾਨ ਮੁਹਿਮ' ਦਾ ਹਿਸਾ ਬਣ ਲਈ ਸਕੂਲ ਦੇ ਵਿਦਿਆਰਥੀਆ ਵੱਲੋ ਬੂਟੇ ਲਗਾਏ ਗਏ ਸਨ। ਇਸ ਮੌਕੇ ਹੋਰਨਾ ਤੋ ਇਲਾਵਾ ਦੀਪਕ ਕੁਮਾਰ, ਸੁਪਰੀਤ ਕੌਰ, ਜਸਪ੍ਰੀਤ ਕੌਰ,ਰਣਜੀਤ ਕੌਰ, ਸੁਖਦੀਪ ਕੌਰ, ਹਰਮੀਤ ਕੌਰ ਮੌਜੂਦ ਸਨ।

Scanned with OKEN Scanner